ਨੰ: 25/7/2019-ਭ:ਮ:-2/ 1836-38

ਪੰਜਾਬ ਸਰਕਾਰ
ਮਾਲ ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਭੌਂ ਮਾਲੀਆ ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ,
ਮੰਡਲ ਕਮਿਸ਼ਨਰ,ਡਿਪਟੀ ਕਮਿਸ਼ਨਰ,
ਉਪ ਮੰਡਲ ਮੈਜਿਸਟਰੇਟ,ਤਹਿਸੀਲਦਾਰ
ਅਤੇ ਨਾਇਬ ਤਹਿਸੀਲਦਾਰ।

ਚੰਡੀਗੜ੍ਹ, ਮਿਤੀ: 13/2/19

ਵਿਸ਼ਾ:- ਗਿਰਦਾਵਰੀ ਵਿੱਚ ਬਾਗਬਾਨੀ ਨਾਲ ਸਬੰਧਤ ਫਸਲਾਂ ਨੂੰ ਵਿਸ਼ੇਸ਼ ਖਸਰਾ ਨੰਬਰ ਵਿੱਚ ਦਰਸਾਉਣ ਸਬੰਧੀ।

--

ਵਿਸ਼ੇ ਦੇ ਸਬੰਧ ਵਿੱਚ ਮੈਨੂੰ ਆਪ ਦਾ ਧਿਆਨ ਪੰਜਾਬ ਲੈਂਡ ਰਿਕਾਰਡ ਮੈਨੂੰਅਲ ਦੇ ਪੈਰਾ 9.2 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਜਿਸ ਵਿੱਚ ਵਿਸਥਾਰਸਹਿਤ ਗਿਰਦਾਵਰੀ ਦਰਜ ਕਰਨ ਦੀ ਪ੍ਰਕਿਰਿਆ ਦਰਸਾਈ ਹੋਈ ਹੈ।ਆਮ ਹਾਲਤਾਂ ਵਿੱਚ ਰਬੀ ਫਸਲ ਦੀ ਗਿਰਦਾਵਰੀ 1 ਮਾਰਚ ਤੋਂ 31 ਮਾਰਚ ਅਤੇ ਖਰੀਫ ਫਸਲ ਦੀ ਗਿਦਰਵਾਰੀ 16 ਸਤੰਬਰ ਤੋਂ 15 ਅਕਤੂਬਰ ਤੱਕ ਮੁਕੰਮਲ ਕਰਨ ਦਾ ਉਪਬੰਧ ਹੈ। ਪੰਜਾਬ ਲੈਂਡ ਰਿਕਾਰਡ ਮੈਨੂੰਅਲ ਦੇ ਪੈਰਾ 9.2 ਦਾ ਸਬ-ਪੈਰਾ (16) ਹੇਠ ਦਰਸਾਇਆ ਜਾਂਦਾ ਹੈ:-

> "Miscelleneous tree crops and groves not included in the net area sown denote all cultivable land, which is not included under net areas sown but, is put to some agricultural use. Land under Casuriana trees thatching grass, bamboo bushes and other groves for fuel, etc. which are not included under orchards, shall be classed under this category."

2. ਇਹ ਵੇਖਣ ਵਿੱਚ ਆਇਆ ਹੈ ਕਿ ਗਿਰਦਾਵਰੀ ਸਮੇਂ ਹੋਰ ਖੇਤੀਬਾੜੀ ਫਸਲਾਂ ਨੂੰ ਤਾਂ ਤਰਤੀਬਬੱਧ ਤਰੀਕੇ ਨਾਲ ਗਿਰਦਾਵਰੀ ਰਜਿਸਟਰ ਵਿੱਚ ਦਰਸਾਇਆ/ਦਰਜ ਕੀਤਾ ਜਾਂਦਾ ਹੈ, ਪਰੰਤੂ ਬਾਗਬਾਨੀ ਨਾਲ ਸਬੰਧਤ ਫਸਲਾਂ ਜਿਵੇਂ (major fruits, vegetables, flower, plantations, aromatics, Spices, and Medicinal plants, etc) ਆਦਿ ਦੀ ਗਿਰਦਾਵਰੀ ਦਰਜ ਕਰਨ ਸਮੇਂ ਕੇਵਲ 'orchards or hoticulture' ਲਿਖ ਦਿੱਤਾ ਜਾਂਦਾ ਹੈ।ਇਸ ਤਰਾਂ ਕਰਨ ਨਾਲ ਬਾਗਬਾਨੀ ਦੇ ਉਤਪਾਦਨ ਅਤੇ ਬਾਗਬਾਨੀ ਹੇਠਲੇ ਰਕਬੇ ਦੀ ਸਹੀ ਜਾਣਕਾਰੀ ਹਾਸਲ ਨਹੀਂ ਹੁੰਦੀ,ਜਿਸ ਕਰਕੇ ਬਾਗਬਾਨੀ ਨਾਲ ਸਬੰਧਤ ਖੇਤਰ ਵਿੱਚ ਸ਼ੁਰੂ ਕੀਤੀਆਂ ਜਾਣ ਵਾਲੀਆਂ ਸਕੀਮਾਂ ਵਿੱਚ ਰੁਕਾਵਟ ਪੈਦਾ ਹੁੰਦੀ ਹੈ, ਜਦ ਕਿ ਬਾਗਬਾਨੀ ਦੀ ਵਿਸਤ੍ਰਿਤ ਪ੍ਰੋਸੈਸਿੰਗ ਵਰਤੋਂ (diversified processing and usage) ਨਾਲ ਬਾਗਬਾਨੀ ਕਿਸਾਨਾਂ ਦੀ ਆਮਦਨੀ ਦੇ ਵਾਧੇ ਦਾ ਮਹੱਤਵਪੂਰਨ

ਸਾਧਨ ਬਣ ਗਿਆ ਹੈ ਅਤੇ ਇਸ ਹੇਠਲਾ ਰਕਬਾ ਵੱਧਦਾ ਜਾ ਰਿਹਾ ਹੈ।

3. ਇਸ ਲਈ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਸਮੂਹ ਮਾਲ ਕਰਮਚਾਰੀਆਂ (ਕਾਨੂੰਗੋ/ਪਟਵਾਰੀਆਂ) ਨੂੰ ਹਦਾਇਤ ਕੀਤੀ ਜਾਵੇ ਕਿ ਉਹ ਗਿਰਦਾਵਰੀ ਕਰਦੇ ਸਮੇਂ ਜਿੱਥੇ ਵੱਖ-ਵੱਖ ਖਸਰਾ ਨੰਬਰਾਂ ਵਿੱਚ ਹੋਰ ਵੱਖ-ਵੱਖ ਖੇਤਬਾੜੀ ਦਾ ਫਸਲਾਂ ਦਾ ਵਿਸ਼ੇਸ਼ ਜਿਕਰ ਕਰਦੇ ਹਨ ਕਿ ਕਿਸ ਖਸਰਾ ਨੰਬਰ ਵਿੱਚ ਕਿਹੜੀ ਫਸਲ ਬੀਜੀ ਗਈ ਹੈ, ਇਸੇ ਤਰਾਂ ਹੀ ਬਾਗਬਾਨੀ ਨਾਲ ਸਬੰਧਤ ਫਸਲਾਂ ਜਿਵੇਂ (major fruits, vegetables, flower, plantations, aromatics, Spices, and Medicinal plants, etc) ਆਦਿ ਵਿਸ਼ੇਸ਼ ਜਿਕਰ ਕਰਨ ਅਤੇ ਇਸੇ ਅਨੁਸਾਰ ਜਿਨਸਵਾਰ ਰਿਪੋਰਟ ਤਿਆਰ ਕੀਤੀ ਜਾਵੇ।

4. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਮਾਲ ਕਰਮਚਾਰੀਆਂ (ਕਾਨੂੰਗੋ/ਪਟਵਾਰੀਆਂ) ਦੀ ਪਾਲਣਾ ਹਿੱਤ ਧਿਆਨ ਵਿੱਚ ਲਿਆ ਦਿੱਤੀਆਂ ਜਾਣ ਅਤੇ ਇਨਾਂ ਦੀ ਇੰਨ੍ਹ-ਬਿਨ੍ਹ ਪਾਲਣਾ ਯਕੀਨੀ ਬਣਾਈ ਜਾਵੇ।

ਉਪ ਸਕੱਤਰ ਮਾਲ
5-2-19

ਪਿ:ਅੰ:ਨੰ: 25/7/2019-ਭ:ਮ:-2/ ਚੰਡੀਗੜ੍ਹ,ਮਿਤੀ:

ਉਪਰੋਕਤ ਦਾ ਉਤਾਰਾ ਡਾਇਰੈਕਟਰ ਲੈਂਡ ਰਿਕਾਰਡ ਪੰਜਾਬ, ਕਪੂਰਥਲਾ ਰੋਡ, ਜਲੰਧਰ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਮਾਲ